ਭਾਈਚਾਰੇ ਸੰਬੰਧੀ ਸੇਵਾਵਾਂ ਲਈ ਸੰਯੁਕਤ ਰਾਜ ਦਾ ਨਿਆਂ ਵਿਭਾਗ (U.S. Department of Justice Community Relations Service)

ਕਨੂੰਨ ਅਮਲੀਕਰਨ ਅਤੇ ਭਾਈਚਾਰਿਆਂ ਨਾਲ ਕੰਮ ਕਰਨਾ ਭਾਈਵਾਲੀਆਂ ਅਤੇ ਸਹਿਕਾਰਤਾ ਨੂੰ ਬਿਹਤਰ ਬਣਾਉਣ ਲਈ

ਭਾਈਚਾਰੇ ਸੰਬੰਧੀ ਸੇਵਾਵਾਂ ਲਈ ਸੰਯੁਕਤ ਰਾਜ ਦੇ ਨਿਆਂ ਵਿਭਾਗ (United States Department of Justice Community Relations Service) (ਸੀ.ਆਰ.ਐਸ.) (CRS) ਵੱਲੋਂ ਉਹਨਾਂ ਫੈਡਰਲ, ਰਾਜ, ਅਤੇ ਸਥਾਨਕ ਕਨੂੰਨ ਅਮਲੀਕਰਨ ਏਜੰਸੀਆਂ ਨੂੰ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਜੋ ਭਾਈਚਾਰਿਆਂ ਦੀ ਵਿਵਾਦ ਹੱਲ ਕਰਨ ਵਿੱਚ ਮਦਦ ਕਰਦੀਆਂ ਹਨ। ਗੱਲਬਾਤ ਵਿੱਚ ਸਹਾਇਤਾ, ਵਿਚੋਲਗੀ, ਸਲਾਹ-ਮਸ਼ਵਰਾ, ਅਤੇ ਸਿਖਲਾਈ ਰਾਹੀਂ, ਸੀ.ਆਰ.ਐਸ. (CRS) ਦੀਆਂ ਸੇਵਾਵਾਂ ਵੱਲੋਂ ਕਨੂੰਨ ਅਮਲੀਕਰਨ ਸੰਸਥਾਵਾਂ ਅਤੇ ਉਹਨਾਂ ਭਾਈਚਾਰਿਆਂ ਜਿਨ੍ਹਾਂ ਨੂੰ ਉਹ ਸੇਵਾ ਪ੍ਰਦਾਨ ਕਰਦੇ ਹਨ ਵਿਚਕਾਰ ਭਾਈਵਾਲੀਆਂ ਨੂੰ ਬਿਹਤਰ ਬਣਾਉਣ ਅਤੇ ਭਰੋਸੇ ਦਾ ਨਿਰਮਾਣ ਕਰਨ ਵਿੱਚ ਮਦਦ ਕੀਤੀ ਜਾਂਦੀ ਹੈ। ਇਹ ਭਾਈਵਾਲੀਆਂ ਸਮੱਸਿਆ ਨਿਵਾਰਨ ਵਿੱਚ ਸਹਾਇਕ ਹੁੰਦੀਆਂ ਹਨ ਅਤੇ ਸੰਚਾਰ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦੀਆਂ ਹਨ, ਜਿਸ ਨਾਲ ਤਣਾਅ ਘੱਟਦਾ ਹੈ, ਗਲਤਫਹਿਮੀਆਂ ਦੂਰ ਹੁੰਦੀਆਂ ਹਨ, ਅਤੇ ਭਵਿੱਖ ਦੇ ਵਿਵਾਦ ਨੂੰ ਹੱਲ ਕਰਨ ਦੀ ਸਥਾਨਕ ਭਾਈਚਾਰੇ ਦੀ ਸਮਰੱਥਾ ਬਿਹਤਰ ਹੁੰਦੀ ਹੈ।

ਸੀ.ਆਰ.ਐਸ. (CRS) ਕਨੂੰਨ ਅਮਲੀਕਰਨ ਸੰਸਥਾਵਾਂ ਨਾਲ ਮਿਲ ਕੇ ਕੰਮ ਕਰਦਾ ਹੈ ਤਾਂ ਕਿ

[illegible]

ਪ੍ਰੋਗਰਾਮ ਅਤੇ ਸੇਵਾਵਾਂ

ਪੁਲਿਸ ਅਤੇ ਭਾਈਚਾਰੇ ਦੀ ਭਾਈਵਾਲੀਆਂ ਨੂੰ ਮਜ਼ਬੂਤ ਕਰਨਾ (SPCP)

ਸੀ.ਆਰ.ਐਸ. (CRS) ਵੱਲੋਂ ਇੱਕ ਪੂਰੇ ਦਿਨ ਦੇ ਪ੍ਰੋਗਰਾਮ ਦੀ ਪੇਸ਼ਕਸ਼ ਕੀਤੀ ਜਾਂਦੀ ਹੈ, ਜੋ ਕਨੂੰਨੀ ਅਮਲੀਕਰਨ ਸੰਸਥਾਵਾਂ ਅਤੇ ਭਾਈਚਾਰੇ ਦੇ ਆਗੂਆਂ ਨੂੰ ਇੱਕ ਥਾਂ 'ਤੇ ਇਕੱਠੇ ਕਰਦਾ ਹੈ ਤਾਂ ਜੋ ਭਾਈਚਾਰੇ ਦੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾ ਸਕੇ ਅਤੇ ਪੁਲਿਸ-ਭਾਈਚਾਰੇ ਦੀ ਭਾਈਵਾਲੀਆਂ ਨੂੰ ਬਿਹਤਰ ਬਣਾਇਆ ਜਾ ਸਕੇ।

SPCP ਨੂੰ ਭਾਈਚਾਰਿਆਂ ਦੀ ਸਥਾਨਕ ਸਮਰੱਥਾ ਵਧਾਉਣ ਅਤੇ ਸਥਾਨਕ ਸਮੱਸਿਆਵਾਂ ਦੇ ਸਥਾਨਕ ਹੱਲ ਵਿਕਸਿਤ ਕਰਨ ਵਿੱਚ ਮਦਦ ਕਰਨ ਲਈ ਬਣਾਇਆ ਗਿਆ ਹੈ।

ਵਿਚੋਲਗੀ ਅਤੇ ਸਮਰਥਿਤ ਗੱਲਬਾਤ

ਵਿਵਾਦਪੂਰਨ ਘਟਨਾਵਾਂ ਜਾਂ ਲੰਮੇ ਸਮੇਂ ਤੋਂ ਚੱਲ ਰਹੀ ਬੇਇਤਬਾਰੀ, ਜਿਸਦੇ ਨਤੀਜੇ ਵਜੋਂ ਭਾਈਚਾਰੇ ਵਿੱਚ ਤਣਾਅ ਪੈਦਾ ਹੁੰਦਾ ਹੈ (ਜਿਸ ਵਿੱਚ ਅਧਿਕਾਰੀ ਦੀ ਸ਼ਮੂਲੀਅਤ ਵਾਲੀਆਂ ਸ਼ੂਟਿੰਗਾਂ ਜਾਂ ਅਦਾਲਤੀ ਫ਼ੈਸਲੇ ਜਾਂ ਨਿਰਨੇ ਸ਼ਾਮਲ ਹਨ), ਉਹਨਾਂ ਦੇ ਜਵਾਬ ਵਿੱਚ ਸੀ.ਆਰ.ਐਸ. (CRS) ਵੱਲੋਂ ਕਨੂੰਨ ਅਮਲੀਕਰਨ ਸੰਸਥਾਵਾਂ ਅਤੇ ਭਾਈਚਾਰੇ ਦੇ ਹਿੱਸੇਦਾਰਾਂ ਨੂੰ ਵਿਚੋਲਗੀ ਅਤੇ ਸਮਰਥਿਤ ਗੱਲਬਾਤ ਦੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਤਾਂ ਜੋ ਤਣਾਅ ਨੂੰ ਘਟਾਇਆ ਜਾ ਸਕੇ, ਜਾਣਕਾਰੀ ਸਾਂਝਾਕਰਨ ਵਧਾਇਆ ਜਾ ਸਕੇ, ਅਤੇ ਧਿਰਾਂ ਵਿਚਕਾਰ ਸਹਿਮਤੀ ਵਿਕਸਿਤ ਕੀਤੀ ਜਾ ਸਕੇ।

ਸੁਰੱਖਿਅਤ ਜਨਤਕ ਪ੍ਰੋਗਰਾਮਾਂ ਦਾ ਸਮਰਥਨ ਕਰਨ 'ਤੇ ਸਿਖਲਾਈ

ਸੀ.ਆਰ.ਐਸ. (CRS) ਵੱਲੋਂ ਉਹਨਾਂ ਪ੍ਰਬੰਧਕਾਂ ਨੂੰ ਸੰਕਟਕਾਲੀਨ ਯੋਜਨਾਬੰਦੀ ਅਤੇ ਪ੍ਰੋਗਰਾਮ ਮਾਰਸ਼ਲ ਸਿਖਲਾਈ ਪ੍ਰਦਾਨ ਕੀਤੀ ਜਾਂਦੀ ਹੈ ਜੋ ਜਨਤਕ ਪ੍ਰੋਗਰਾਮ ਜਿਵੇਂ ਕਿ ਪ੍ਰਦਰਸ਼ਨ ਅਤੇ ਮਾਰਚ ਕਰਵਾਉਣ ਦੀ ਯੋਜਨਾ ਕਰ ਰਹੇ ਹਨ। ਸੀ.ਆਰ.ਐਸ. (CRS) ਸਥਾਨਕ ਕਨੂੰਨ ਅਮਲੀਕਰਨ ਸੰਸਥਾ, ਪ੍ਰੋਗਰਾਮ ਯੋਜਕਾਂ, ਭਾਈਚਾਰੇ ਦੇ ਪ੍ਰਬੰਧਕਾਂ, ਅਤੇ ਹੋਰ ਹਿੱਸੇਦਾਰਾਂ ਨਾਲ ਕੰਮ ਕਰਦਾ ਹੈ, ਤਾਂ ਕਿ ਧਿਰਾਂ ਵਿਚਕਾਰ ਬਿਹਤਰ ਤਰੀਕੇ ਨਾਲ ਸੰਚਾਰ ਹੋ ਸਕੇ ਅਤੇ ਪ੍ਰੋਗਰਾਮ 'ਤੇ ਹਿੰਸਾ ਹੋ ਸਕਣ ਦੇ ਜੋਖਮ ਨੂੰ ਘਟਾਇਆ ਜਾ ਸਕੇ।

ਸੈਨਫੋਰਡ, ਫਲੋਰੀਡਾ ਦਾ ਪੁਲਿਸ ਮੁਖੀ, ਸਿਸਿਲ ਸਮਿਥ (ਖੱਬੇ) ਅਤੇ ਮੇਅਰ ਜੈਫ਼ ਟ੍ਰਿਪਲੈਟ (ਵਿਚਕਾਰ) ਨੇ 2003 ਵਿੱਚ ਟ੍ਰੈਵਿਓਨ ਮਾਰਟਿਨ ਫ਼ੈਸਲੇ ਦੇ ਬਾਅਦ ਇੱਕ ਭਾਈਚਾਰਾ ਪ੍ਰਾਥਨਾ ਮੀਟਿੰਗ ਵਿੱਚ ਸ਼ਮੂਲੀਅਤ ਕੀਤੀ। ਸੀ.ਆਰ.ਐਸ. (CRS) ਨੇ ਸੈਨਫੋਰਡ ਵਿੱਚ ਕਨੂੰਨ ਅਮਲੀਕਰਨ ਸੰਸਥਾਵਾਂ, ਮੇਅਰ ਦੇ ਦਫ਼ਤਰ, ਅਤੇ ਮਤ ਦੇ ਆਗੂਆਂ ਨਾਲ ਮਿਲ ਕੇ ਕੇਸ ਦੇ ਨਤੀਜੇ ਵਜੋਂ ਹੋਏ ਵਿਵਾਦ ਅਤੇ ਤਣਾਅ ਨੂੰ ਘਟਾਉਣ ਲਈ ਕੰਮ ਕੀਤਾ।

(ਫ਼ੋਟੋ ਕ੍ਰੈਡਿਟ: ਸਕੋਟ ਓਲਸਨ/ਗੈਟੀ ਇਮੇਜਿਸ)

ਨਫ਼ਰਤ ਅਪਰਾਧਾਂ ਅਤੇ ਧਰਮ ਸਥਾਨਾਂ ਦੀ ਸੁਰੱਖਿਆ ਸੰਬੰਧੀ ਫੋਰਮ

ਸੀ.ਆਰ.ਐਸ. (CRS) ਵੱਲੋਂ ਅੱਧੇ ਦਿਨ ਦੇ ਵਿੰਦਿਅਕ ਸੈਸ਼ਨ ਕਰਵਾਏ ਜਾਂਦੇ ਹਨ, ਜਿਸ ਵਿੱਚ ਕਨੂੰਨ ਅਮਲੀਕਰਨ ਅਧਿਕਾਰੀ, ਸਰਕਾਰੀ ਵਕੀਲ, ਅਤੇ ਹੋਰ ਮਾਹਰ ਭਾਈਚਾਰਿਆਂ ਨੂੰ ਰਾਜ ਅਤੇ ਫੈਡਰਲ ਨਫ਼ਰਤ ਅਪਰਾਧਾਂ ਸੰਬੰਧੀ ਕਨੂੰਨਾਂ, ਉਹਨਾਂ ਦੀ ਰਿਪੋਰਟਿੰਗ, ਅਤੇ ਹੋਰ ਸੰਬੰਧਿਤ ਵਿਸ਼ਿਆਂ ਉੱਪਰ ਸਿੱਖਿਆ ਪ੍ਰਦਾਨ ਕਰਦੇ ਹਨ। ਇੱਕ ਦੂਜਾ ਅੱਧੇ ਦਿਨ ਦੇ ਫੋਰਮ, ਧਰਮ ਸਥਾਨਾਂ ਦੀ ਸੁਰੱਖਿਆ ਕਰਨਾ, ਵਿੱਚ ਕਨੂੰਨ ਅਮਲੀਕਰਨ ਅਧਿਕਾਰੀ, ਮਤ-ਆਧਾਰਿਤ ਆਗੂ, ਅਤੇ ਹੋਰ ਮਾਹਰ ਭਾਈਚਾਰਿਆਂ ਨੂੰ ਧਾਰਮਿਕ ਇਮਾਰਤਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਕਥਿਤ ਨਫ਼ਰਤ ਅਪਰਾਧਾਂ ਬਾਰੇ ਸਿੱਖਿਆ ਪ੍ਰਦਾਨ ਕਰਦੇ ਹਨ।

ਕਨੂੰਨ ਅਮਲੀਕਰਨ ਸੰਸਥਾਵਾਂ ਵਾਸਤੇ ਭਾਈਚਾਰਾ ਜਗਰੂਕਤਾ ਸਿਖਲਾਈਆਂ

ਕਨੂੰਨ ਅਮਲੀਕਰਨ ਸੰਸਥਾਵਾਂ ਅਤੇ ਉਹਨਾਂ ਬਹੁਭਾਂਤੀ ਭਾਈਚਾਰਿਆਂ ਵਿਚਕਾਰ ਜਿਨ੍ਹਾਂ ਲਈ ਉਹ ਕੰਮ ਕਰਦੇ ਹਨ, ਇੱਕ ਰਿਸ਼ਤਾ ਬਣਾਉਣ ਦੀ ਕੋਸ਼ਿਸ਼ ਵਜੋਂ, ਸੀ.ਆਰ.ਐਸ. (CRS) ਵੱਲੋਂ ਉਹਨਾਂ ਤਰ੍ਹਾਂ-ਤਰ੍ਹਾਂ ਦੇ ਭਾਈਚਾਰਿਆਂ ਦੇ ਰੀਤੀ-ਰਿਵਾਜਾਂ, ਸੱਭਿਆਚਾਰ, ਅਤੇ ਪ੍ਰਥਾਵਾਂ ਬਾਰੇ ਸਿਖਲਾਈ ਪ੍ਰਦਾਨ ਕੀਤੀ ਜਾਂਦੀ ਹੈ। ਇਹਨਾਂ ਸਿਖਲਾਈਆਂ ਵਿੱਚ *ਅਮਰੀਕੀ ਮੁਸਲਿਮਾਂ ਨਾਲ ਭਾਈਵਾਲੀ ਬਣਾਉਣਾ ਅਤੇ ਉਹਨਾਂ ਨੂੰ ਸ਼ਾਮਲ ਕਰਨਾ, ਅਮਰੀਕੀ ਸਿੱਖਾਂ ਨਾਲ ਭਾਈਵਾਲੀ ਬਣਾਉਣਾ ਅਤੇ ਉਹਨਾਂ ਨੂੰ ਸ਼ਾਮਲ ਕਰਨਾ*, ਅਤੇ *ਕਨੂੰਨ ਅਮਲੀਕਰਨ ਅਤੇ ਟ੍ਰਾਂਸਜੈਂਡਰ ਭਾਈਚਾਰਾ* ਸ਼ਾਮਲ ਹਨ। ਸੀ.ਆਰ.ਐਸ. (CRS) ਵੱਲੋਂ ਇਹ ਅੰਤਰਕਿਰਿਆਤਮਕ ਸਿਖਲਾਈਆਂ ਵਿਸ਼ੇ ਦੇ ਸਥਾਨਕ ਮਾਹਰਾਂ ਦੇ ਸਹਿਯੋਗ ਨਾਲ ਕਰਵਾਈਆਂ ਜਾਂਦੀਆਂ ਹਨ।

ਸੀ.ਆਰ.ਐਸ. (CRS) ਬਾਰੇ

1964 ਦੇ ਨਾਗਰਿਕ ਅਧਿਕਾਰ ਅਧਿਨਿਯਮ (Civil Rights Act of 1964) ਦੇ ਸਿਰਲੇਖ X ਦੁਆਰਾ ਸਥਾਪਿਤ ਕੀਤੇ, ਸੀ.ਆਰ.ਐਸ. (CRS) ਦੀਆਂ ਸੇਵਾਵਾਂ ਦਾ ਵਿਸਤਾਰ 2009 ਦੇ ਮੈਥਿਊ ਸ਼ੈਫ਼ਰਡ ਅਤੇ ਜੇਮਸ ਬਾਯਰਡ ਜੂਨੀਅਰ, ਨਫ਼ਰਤ ਅਪਰਾਧ ਰੋਕਥਾਮ ਅਧਿਨਿਯਮ (Matthew Shepard and James Byrd, Jr., Hate Crimes Prevention Act of 2009) ਦੁਆਰਾ ਹੋਇਆ। ਸੀ.ਆਰ.ਐਸ. (CRS), ਸਯੁੰਕਤ ਰਾਜ ਦੇ ਨਿਆਂ ਵਿਭਾਗ ਦਾ ਇੱਕ ਹਿੱਸਾ, ਉਹਨਾਂ ਭਾਈਚਾਰਿਆਂ ਲਈ "ਅਮਰੀਕਾ ਦੇ ਸ਼ਾਂਤੀਦੂਤ" ਦਾ ਕੰਮ ਕਰਦਾ ਹੈ ਜੋ ਨਸਲ, ਰੰਗ, ਰਾਸ਼ਟਰੀ ਮੂਲ, ਲਿੰਗ, ਲਿੰਗ ਪਛਾਣ, ਜਿਨਸੀ ਰੁਝਾਨ, ਧਰਮ, ਅਤੇ ਅਯੋਗਤਾ ਦੇ ਆਧਾਰ 'ਤੇ ਤਣਾਅ ਜਾਂ ਵਿਵਾਦ ਦਾ ਸਾਹਮਣਾ ਕਰ ਰਹੇ ਹਨ। ਸੀ.ਆਰ.ਐਸ. (CRS) ਵੱਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਦੇ ਰਾਹੀਂ, ਏਜੰਸੀ ਇਹੋ ਜਿਹੇ ਭਾਈਚਾਰਿਆਂ ਦੇ ਮੈਂਬਰਾਂ ਦੀ ਵੱਧ ਰਹੇ ਗਿਆਨ, ਸਮਝ ਅਤੇ ਬਿਹਤਰ ਅੰਦਰੂਨੀ ਸੰਚਾਰ ਰਾਹੀਂ ਸੁਤੰਤਰ ਤੌਰ 'ਤੇ ਅਤੇ ਇੱਕ ਦੂਜੇ ਨਾਲ ਸਹਿਯੋਗ ਕਰਕੇ ਭਵਿੱਖ ਵਿੱਚ ਹੋਣ ਵਾਲੇ ਵਿਵਾਦਾਂ ਨੂੰ ਰੋਕਣ ਅਤੇ ਉਹਨਾਂ ਦਾ ਹੱਲ ਕਰਨ ਦੀ ਸਮਰੱਥ ਨੂੰ ਵਧਾਉਂਦੀ ਹੈ।

ਸੀ.ਆਰ.ਐਸ. (CRS) ਦੀਆਂ ਸੇਵਾਵਾਂ ਅਤੇ ਪ੍ਰੋਗਰਾਮ

ਸੀ.ਆਰ.ਐਸ. (CRS) ਵੱਲੋਂ ਤਣਾਅ ਦਾ ਸਾਹਮਣਾ ਕਰ ਰਹੇ ਭਾਈਚਾਰਿਆਂ ਲਈ ਪ੍ਰੋਗਰਾਮਾਂ ਦੀ ਇੱਕ ਲੜੀ ਪ੍ਰਦਾਨ ਕੀਤੀ ਜਾਂਦੀ ਹੈ, ਜਿਸ ਨੂੰ ਉਹ ਸਮਝ ਪੈਦਾ ਕਰਨ, ਸਹਿਕਾਰਤਾ ਨੂੰ ਸੁਧਾਰਨ, ਅਤੇ ਭਵਿੱਖ ਵਿੱਚ ਹੋ ਸਕਣ ਵਾਲੇ ਮੱਤ-ਭੇਦਾਂ ਦੀ ਰੋਕਥਾਮ ਲਈ ਇੱਕ ਟੂਲ ਵਜੋਂ ਵਰਤ ਸਕਦੇ ਹਨ। ਸੀ.ਆਰ.ਐਸ. (CRS) ਦੇ ਕਰਮਚਾਰੀ ਪੇਸ਼ਾਵਰ ਵਿਚੋਲੇ, ਸਹਾਇਕ, ਸਿੱਖਿਅਕ, ਅਤੇ ਸਲਾਹਕਾਰ ਹਨ ਜੋ ਕਿ ਭਾਈਚਾਰੇ ਦੇ ਮੈਂਬਰਾਂ ਨੂੰ ਇਕੱਠੇ ਕਰਕੇ ਉਹਨਾਂ ਦੀ ਮੌਜੂਦਾ ਵਿਵਾਦਾਂ ਦਾ ਹੱਲ ਕਰਨ ਅਤੇ ਭਵਿੱਖ ਵਿੱਚ ਹੋ ਸਕਣ ਵਾਲੇ ਵਿਵਾਦਾਂ ਦੀ ਰੋਕਥਾਮ ਕਰਨ ਦੀ ਸਮਰੱਥਾ ਨੂੰ ਹੋਰ ਵਧਾਉਣ ਵਿੱਚ ਅਨੁਭਵ ਰੱਖਦੇ ਹਨ।

ਅਸੀਂ ਕਿੱਥੇ ਕੰਮ ਕਰਦੇ ਹਾਂ

ਸੀ.ਆਰ.ਐਸ. (CRS) ਹੈੱਡਕੁਆਰਟਰ
ਵਾਸ਼ਿੰਗਟਨ, ਡੀ.ਸੀ.

ਸੀ.ਆਰ.ਐਸ. (CRS) ਦੇ ਖੇਤਰੀ ਦਫ਼ਤਰ

ਨਿਊ ਇੰਗਲੈਂਡ
ਬਾਸਟਨ, ਮੈਸਾਚੂਸੇਟਸ

ਮਿਡਵੈਸਟ
ਸ਼ਿਕਾਗੋ, ਇੱਲੀਨਾਏ

ਵੈਸਟਰਨ
ਲਾਸ ਐਂਜਲਿਸ, ਕੈਲੀਫੋਰਨੀਆ

ਨਾਰਥਈਸਟ
ਨਿਊ ਯਾਰਕ, ਨਿਊ ਯਾਰਕ

ਸਾਊਥਵੈਸਟ
ਡੈਲਾਸ, ਟੈਕਸਸ

ਨਾਰਥਵੈਸਟ
ਸੀਐਟਲ, ਵਾਸ਼ਿੰਗਟਨ

ਮਿਡ-ਅਟਲਾਂਟਿਕ
ਫ਼ਿਲਾਡੈਲਫਿਆ, ਪੈਨਸਿਲਵੇਨਿਆ

ਸੈਂਟਰਲ
ਕੈਨਸਾਸ ਸਿਟੀ, ਮਿਜ਼ੂਰੀ

ਸੀ.ਆਰ.ਐਸ. (CRS) ਦੇ ਫੀਲਡ ਦਫ਼ਤਰ

ਸਾਊਥਈਸਟ
ਅਟਲਾਂਟਾ, ਜਾਰਜੀਆ

ਰੋਕੀ ਮਾਊਂਟੇਨ
ਡੈਨਵਰ, ਕੋਲੋਰਾਡੋ

ਮਿਆਮੀ, ਫਲੋਰੀਡਾ
ਡਿਟਰਾਇਟ, ਮਿੱਸ਼ੀਗਨ

ਹੂਸਟਨ, ਟੈਕਸਾਸ
ਸੈਨ ਫ੍ਰਾਂਸਿਸਕੋ, ਕੈਲੀਫੋਰਨੀਆ



ਸਾਡੇ ਤੱਕ ਪਹੁੰਚੋ, ਅਤੇ ਸਾਡੇ ਨਾਲ ਜੁੜੋ
www.justice.gov/crs

facebook.com/DOJCRS/ @DOJ_CRS askcrs@usdoj.gov 202.305.2935

ਇਸ ਪ੍ਰੋਗਰਾਮ ਬਾਰੇ ਜਾਂ ਸੀ.ਆਰ.ਐਸ. (CRS) ਦੀਆਂ ਹੋਰ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਆਪਣੇ ਸਥਾਨਾਕ ਸੀ.ਆਰ.ਐਸ. (CRS) ਦਫ਼ਤਰ ਨਾਲ ਸੰਪਰਕ ਕਰੋ:
https://www.justice.gov/crs/about-crs/regional-and-field-offices